ਵੱਲੋਂ

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕਾ 098-ਬੁਢਲਾਡਾ।

ਵੱਲ

ਸਮੂਹ ਵਿਭਾਗਾਂ ਦੇ ਮੁੱਖ ਅਧਿਕਾਰੀ,
ਸਬ ਡਵੀਜ਼ਨ ਬੁਢਲਾਡਾ।

ਪੱਤਰ ਨੰ: ..91..... ਮਿਤੀ 26.08.2021

ਵਿਸ਼ਾ:- **Special Summary Revision of Photo Electoral Rolls with reference to 01.01.2022 as the qualifying date Activity Schedule-reg.**

ਉਪਰਕੋਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਭਾਰਤੀ ਚੋਣ ਕਮਿਸ਼ਨ ਨਵੀਂ ਦਿੱਲੀ ਜੀ ਦੇ ਪੱਤਰ ਨੰ: 23/2021-ERS (VOL-II) Dated 03.08.2021 ਅਤੇ ਮਾਨਯੋਗ ਮੁੱਖ ਚੋਣ ਅਫ਼ਸਰ ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰ: 2021/ਪੀ-4794 ਮਿਤੀ 12.08.2021 ਰਾਹੀਂ ਆਗਾਮੀ ਵਿਧਾਨ ਸਭਾ ਚੋਣਾਂ 2022 ਦੀ ਤਿਆਰੀ ਸਬੰਧੀ ਪ੍ਰੀ-ਰਵੀਜ਼ਨ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਤਹਿਤ ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ ਸਰਵੇ ਦਾ ਕੰਮ 08.09.2021 ਤੱਕ ਮੁਕੰਮਲ ਕਰਨਾ ਅਤਿ ਜ਼ਰੂਰੀ ਹੈ। ਇਲੈਕਸ਼ਨ ਨਾਲ ਸਬੰਧਤ ਪ੍ਰੀ-ਰਵੀਜ਼ਨ ਗਤੀ ਵਿਧੀਆਂ ਦੀ ਮਹੱਤਤਾ ਦੇ ਮੱਦੇ-ਨਜ਼ਰ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ ਦੇ ਬੀ.ਐਲ.ਓਜ਼ ਕਰਮਚਾਰੀਆਂ ਨੂੰ ਮਿਤੀ 31.08.2021 ਤੱਕ ਆਪਦੇ ਵਿਭਾਗ ਦੇ ਕੰਮਾਂ ਤੋਂ ਫਾਰਗ ਕੀਤਾ ਜਾਵੇ ਜੀ।

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ
ਵਿਧਾਨ ਸਭਾ ਚੋਣ ਹਲਕਾ
098-ਬੁਢਲਾਡਾ

Scanned with CamScanner

ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
ਪੰਜਾਬ ਰਾਜ।

ਮੀਮੋ ਨੰ: 15/24-2020 Co 1332/202128093
ਮਿਤੀ: 18-08-2021

ਵਿਸ਼ਾ:- ਅਧਿਆਪਕਾਂ ਦੀਆਂ ਡਿਊਟੀਆਂ ਨਾਨ-ਟੀਚਿੰਗ ਕੰਮਾਂ ਲਈ ਨਾ ਲਗਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੁਆਰਾ ਲਏ ਫੈਸਲੇ ਅਨੁਸਾਰ ਇਸ ਸਮੇਂ ਪੰਜਾਬ ਰਾਜ ਦੇ ਸਾਰੇ ਹੀ ਸਕੂਲ ਖੋਲ੍ਹ ਦਿੱਤੇ ਗਏ ਹਨ ਅਤੇ ਸਕੂਲਾਂ ਵਿੱਚ ਇਸ ਸਮੇਂ ਅਧਿਆਪਕਾਂ ਦੀ ਸਖਤ ਲੋੜ ਹੈ। ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬਹੁਤ ਸਾਰੀਆਂ ਥਾਵਾਂ ਤੇ ਕੁਝ ਅਧਿਆਪਕਾਂ ਦੀ ਡਿਊਟੀ ਡਿਪਟੀ ਕਮਿਸ਼ਨਰ, ਐੱਸ.ਡੀ.ਐੱਮ. ਜਾਂ ਦੂਜੇ ਅਧਿਕਾਰੀਆਂ ਦੁਆਰਾ ਆਪਣੇ ਦਫ਼ਤਰਾਂ ਵਿੱਚ ਲਗਾਈ ਹੋਈ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਸਾਰੇ ਅਧਿਆਪਕਾਂ ਦੇ ਵੇਰਵੇ ਜਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਵੱਲੋਂ ਵਿਭਾਗ ਦੁਆਰਾ ਦਿੱਤੀ ਗਈ ਗੂਗਲ ਫਾਰਮ https://docs.google.com/forms/d/e/1FAIpQLSfut544vTeT8msKhMeehBYBaGFAGwCOFAJm6AlmnANvJOhHHg/viewform?usp=sf_link ਵਿੱਚ ਭਰਕੇ ਭੇਜੇ ਜਾਣ (ਗੂਗਲ ਫਾਰਮ ਦਾ ਇਹ ਲਿੰਕ ਆਪ ਨੂੰ ਈ.ਮੇਲ ਰਾਹੀਂ ਵੀ ਭੇਜਿਆ ਜਾਂਦਾ ਹੈ)।

3.0 ਜਿਨ੍ਹਾਂ ਅਧਿਆਪਕਾਂ ਦੀ ਡਿਊਟੀ ਡਿਪਟੀ ਕਮਿਸ਼ਨਰ ਦੁਆਰਾ ਬਤੌਰ ਬੀ.ਐੱਲ.ਓ. ਲਗਾਈ ਗਈ ਹੈ, ਉਨ੍ਹਾ ਅਧਿਆਪਕਾਂ ਨੂੰ ਇਹ ਡਿਊਟੀ ਸਕੂਲ ਸਮੇਂ ਤੋਂ ਬਾਅਦ ਕਰਨ ਦੀ ਹਦਾਇਤ ਕੀਤੀ ਜਾਵੇ ਅਤੇ ਸਕੂਲ ਸਮੇਂ ਦੌਰਾਨ ਬੀ.ਐੱਲ.ਓ. ਡਿਊਟੀ ਲਈ ਕਿਸੇ ਵੀ ਅਧਿਆਪਕ ਨੂੰ ਫ਼ਾਰਗ ਨਾ ਕੀਤੇ ਜਾਵੇ। ਜਿੱਥੋਂ ਤੱਕ ਸੰਭਵ ਹੋਵੇ ਬੀ.ਐੱਲ.ਓ. ਡਿਊਟੀ ਲਈ ਨਾਨ-ਟੀਚਿੰਗ ਸਟਾਫ ਦੀ ਤਾਇਨਾਤੀ ਕੀਤੀ ਜਾਵੇ। ਇਸ ਦੌਰਾਨ ਉਨ੍ਹਾਂ ਅਧਿਆਪਕਾਂ ਦੀ ਡਿਊਟੀ ਲਗਾਉਣ ਲਈ ਡਿਪਟੀ ਕਮਿਸ਼ਨਰ ਨੂੰ ਬੇਨਤੀ ਕੀਤੀ ਜਾਵੇ, ਜਿਨ੍ਹਾਂ ਕੋਲ ਕੰਮ ਘੱਟ ਹੈ।

4.0 ਮੁੱਖ ਦਫ਼ਤਰ ਵਿੱਚ ਇਸ ਤਰ੍ਹਾਂ ਦੀਆਂ ਕੁਝ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਕਿ ਕਈ ਥਾਵਾਂ ਤੇ ਬੀ.ਐੱਲ.ਓ. ਡਿਊਟੀ ਦੇ ਨਾਂ ਤੇ ਅਧਿਆਪਕਾਂ ਦੀ ਡਿਊਟੀ ਲਗਾਉਣ ਉਪਰੰਤ ਉਨ੍ਹਾਂ ਨੂੰ ਕੁਝ ਹੋਰ ਕੰਮ ਦੇ ਦਿੱਤੇ ਜਾਂਦੇ ਹਨ, ਜੋ ਕਿ ਆਰ.ਟੀ.ਈ. ਐਕਟ ਦੀ ਉਲੰਘਣਾ ਹੈ। ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਜਿਨ੍ਹਾਂ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐੱਲ.ਓ. ਲਗਾਈ ਜਾਂਦੀ ਹੈ ਉਹ ਕੇਵਲ ਬੀ.ਐੱਲ.ਓ. ਦਾ ਹੀ ਕੰਮ ਕਰਨ।

5.0 ਜਿੱਥੇ ਕਿਤੇ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਇਸ ਸਬੰਧੀ ਕੋਈ ਸੰਦੇਹ ਹੋਵੇ ਤਾਂ ਉਹ ਅਧਿਆਪਕਾਂ ਨੂੰ ਫ਼ਾਰਗ ਕਰਨ ਤੋਂ ਪਹਿਲਾਂ ਮੁੱਖ ਦਫ਼ਤਰ ਤੋਂ ਅਗਵਾਈ ਲੈ ਸਕਦੇ ਹਨ। ਇਸ ਕੰਮ ਲਈ ਸ੍ਰੀ ਸੁਨੀਲ ਕੁਮਾਰ, ਸਹਾਇਕ ਡਾਇਰੈਕਟਰ (ਮੋਬਾਇਲ ਨੰ. 88726-36747) ਨੂੰ ਬਤੌਰ ਨੋਡਲ ਅਫ਼ਸਰ ਤਾਇਨਾਤ ਕੀਤਾ ਗਿਆ ਹੈ।

6.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ. ਉਕਤ /202128093
ਮਿਤੀ: 18-08-2021

ਉਪਰੋਕਤ ਦਾ ਉਤਾਰਾ ਸ੍ਰੀ ਸੁਨੀਲ ਕੁਮਾਰ, ਸਹਾਇਕ ਡਾਇਰੈਕਟਰ, ਮੁੱਖ ਦਫ਼ਤਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਸਕੂਲ ਸਿੱਖਿਆ